ਵੱਲੋਂ,
ਵਣ ਮੰਡਲ ਅਫਸਰ,
ਪਟਿਆਲਾ।

ਵੱਲ,
ਸਹਾਇਕ ਕਾਰਜਕਾਰੀ ਇੰਜੀਨੀਅਰ,
ਟੀ.ਐਲ.ਉਪ ਮੰਡਲ,ਪਟਿਆਲਾ।

ਨੰਬਰ....5902.......ਐਫ.ਸੀ.ਏ. ਮਿਤੀ....16-9-19.........

**ਵਿਸ਼ਾ: 66 ਕੇ.ਵੀ. ਲਾਈਨ ਫਰਾਮ ਦੇਵੀਗੜ੍ਹ ਤੋਂ ਰੋਹੜਜਗੀਰ ਟੀ ਆਫ ਫਾਰ 66 ਕੇ.ਵੀ. ਸ/ਸ ਭੱਸਮਰਾ ਸ/ਸ ਆਨ ਡ/ਸ ਟਾਵਰ ਲਾਈਨ ਦੀ ਉਸਾਰੀ ਹਿਤ ਵਣ ਵਿਭਾਗ ਦਾ ਪ੍ਰਭਾਵਿਤ ਹੋਣ ਵਾਲਾ ਰਕਬਾ ਦੱਸਣ ਸਬੰਧੀ।**

ਹਵਾਲਾ: ਆਪ ਦਾ ਪੱਤਰ ਨੰਬਰ:30132 ਮਿਤੀ 15-4-2019

ਉਪਰੋਕਤ ਵਿਸ਼ੇ ਸਬੰਧੀ ਹਵਾਲੇ ਅਧੀਨ ਪੱਤਰ ਦੇ ਸਬੰਧ ਵਿੱਚ ਵਣ ਰੇਂਜ ਅਫਸਰ, ਪਟਿਆਲਾ ਵੱਲੋਂ ਰਿਪੋਟ ਕੀਤੀ ਹੈ ਕਿ ਆਪ ਵੱਲੋਂ ਉਕਤ ਲਾਈਨ ਦੀ ਉਸਾਰੀ ਕਰਨ ਨਾਲ ਨਾਲ ਸਬੰਧਤ ਰਸਤੇ ਦੀ ਐਨ.ਓ.ਸੀ ਲੈਣ ਲਈ ਵਣ ਵਿਭਾਗ ਦਾ ਪਟਿਆਲਾ-ਪਹੇਵਾ ਸੜਕ ਕਿ:ਮੀ:27 ਤੋਂ 28 ਦੋਵੇ ਪਾਸੇ ਅਤੇ ਘੜਾਮ ਡਿਸਟਰੀਬਿਊਟਰੀ ਆਰ.ਡੀ. ਮਿਹੋਣ ਪੁਲੀ ਤੋਂ ਕਿਸ਼ਨਪੁਰਾ ਪੁੱਲੀ ਤੱਕ ਦੋਵੇ ਪਾਸੇ ਕੁੱਲ 0.0594 ਹੈਕਟਰ ਰਕਬਾ, 8 ਰੁੱਖ ਅਤੇ 16 ਪੌਦੇ ਪ੍ਰਭਾਵਿਤ ਹੁੰਦੇ ਹਨ। ਜਿਸ ਦੀ ਪ੍ਰਵਾਨਗੀ ਭਾਰਤ ਸਰਕਾਰ ਤੇ ਵਣ ਸੁਰਖਿਆ ਐਕਟ 1980 ਦੇ ਤਹਿਤ ਲੈਣੀ ਜਰੂਰੀ ਹੈ। ਇਸ ਲਈ ਆਪ ਨੂੰ ਲਿਖਿਆ ਜਾਂਦਾ ਹੈ ਕਿ ਪ੍ਰਭਾਵਿਤ ਰਕਬੇ ਅਨੁਸਾਰ ਮੁਕੰਮਲ ਕੇਸ ਹੇਠ ਲਿਖੇ ਅਨੁਸਾਰ ਚਾਰ ਪੜ੍ਹਤਾਂ ਵਿੱਚ ਤਿਆਰ ਕਰਕੇ ਭਾਰਤ ਸਰਕਾਰ ਦੀ ਵੈਬ ਸਾਈਟ ਤੇ ਆਨ-ਲਾਈਨ ਕਰਨ ਉਪਰੰਤ ਇਸ ਦਫਤਰ ਵਿੱਚ ਦਿੱਤਾ ਜਾਵੇ। ਇਸ ਤੋਂ ਇਲਾਵਾ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਗਰੀਨ ਮਿਸ਼ਨ ਅਧੀਨ 50/-ਰੁਪਏ ਵਰਗਮੀਟਰ ਦੇ ਹਿਸਾਬ ਨਾਲ ਗਰੀਨ ਮਿਸ਼ਨ ਸਬੰਧੀ ਫੀਸ ਦਾ 29700/-ਰੁਪਏ ਦਾ ਡਰਾਫਟ Greening Punjab Mission Fund Punjab National Bank ਜਿਸ ਦੀ ਅਦਾਇਗੀ ਪਟਿਆਲਾ ਹੋਵੇ। ਇਸ ਤੋਂ ਇਲਾਵਾ ਉਕਤ ਕੇਸ ਦੀ ਫਾਈਲ ਪ੍ਰੋਸੈਸਿੰਗ ਫੀਸ 2000/- ਦਾ ਚਲਾਨ ਵਣ ਮੰਡਲ ਅਫ਼ਸਰ ਪਟਿਆਲਾ ਦੇ ਨਾਂ ਤੇ ਇਸ ਦਫਤਰ ਵਿਖੇ ਦਿੱਤਾ ਜਾਵੇ ਅਤੇ ਇਸ ਤੋਂ ਇਲਾਵਾ ਪ੍ਰਭਾਵਿਤ 8 ਰੁੱਖਾਂ ਦੀ ਮਾਰਕਿੰਗ ਫੀਸ ਤਹਿਤ 120/- ਦਾ ਚਲਾਨ ਵਣ ਮੰਡਲ ਅਫ਼ਸਰ ਪਟਿਆਲਾ ਦੇ ਨਾਂ ਤੇ ਇਸ ਦਫਤਰ ਵਿਖੇ ਦਿੱਤਾ ਜਾਵੇ ਕੇਸ ਤਿਆਰ ਕਰਨ ਲਈ ਹੇਠ ਲਿਖੇ ਦਸਤਾਵੇਜ਼ ਜਰੂਰੀ ਹਨ:-

1) ਅੰਡਰਟੇਕਿੰਗ ਅਤੇ ਹੋਰ ਦਸਤਾਵੇਜ਼ ਜੁਡੀਸ਼ੀਅਲ ਪੇਪਰ/ਲੈਟਰ ਪੈਡ ਤੇ ਤਿਆਰ ਕਰਕੇ ਕਾਨੂੰਨੀ ਤੋਰ ਤੇ ਸਮਰਥ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਦਿਤੇ ਜਾਣ।
2) ਕੰਪੀਟੈਂਟ ਅਥਾਰਟੀ ਦੀ ਪ੍ਰਵਾਨਗੀ।
3) ਜ਼ੋ ਐਨ.ਓ.ਸੀ /ਪਤਰ ਪੰਜਾਬੀ ਵਿੱਚ ਹੋਣ ਦਾ ਅੰਗਰੇਜ਼ੀ ਅਨੁਵਾਦ ਦੀ ਤਸਦੀਕਸ਼ੁਦਾ ਕਾਪੀ।
4) ਪੀ.ਡਬਲਿਉ.ਡੀ./ਨੈਸ਼ਨਲ ਹਾਈਵੈ/ਇਰੀਗੇਸ਼ਨ ਜਿਸ ਮਹਿਕਮੇ ਦੀ ਜਮੀਨ ਨਾਲ ਲਗਦੀ ਹੋਵੇ ਦੀ ਐਨ.ਓ.ਸੀ. ਦੀ ਤਸਦੀਕਸ਼ੁਦਾ ਕਾਪੀ।
5) ਸਰਵੇ ਆਫ ਇੰਡੀਆ ਦੇ ਮੈਪ ਦੀਆਂ ਸਬੰਧਤ ਸਾਈਟ ਦੀਆਂ ਚਾਰ ਕਾਪੀਆਂ ਦਿੱਤੀਆਂ ਜਾਣ।
6) ਵਣ ਰਕਬੇ ਦੇ ਪ੍ਰਭਾਵਿਤ ਹੋਣ ਸਬੰਧੀ ਬਿਲਯੂ ਪ੍ਰਿੰਟ ਦੀਆਂ ਚਾਰ ਕਾਪੀਆਂ ਦਿੱਤੀਆਂ ਜਾਣ।
7) ਪ੍ਰੋਜੈਕਟ ਦੇ ਸਰਕਾਰੀ ਜਾ ਪ੍ਰਾਈਵੇਟ ਹੋਣ ਸਬੰਧੀ ਅੰਡਰਟੇਕਿੰਗ ਜੁਡੀਸ਼ੀਅਲ ਪੇਪਰ ਤੇ ਤਿਆਰ ਕਰਕੇ ਕਾਨੂੰਨੀ ਤੋਰ ਤੇ ਸਮਰਥ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਦਿਤੀ ਜਾਵੇ।
8) ਪ੍ਰੋਜੈਕਟ ਸਬੰਧੀ ਪ੍ਰਭਾਵਿਤ ਸ਼ਡਿਉਲ ਟਰਾਈਬਜ ਸਬੰਧੀ ਸਬੰਧਤ ਡਿਪਟੀ ਕਮਿਸ਼ਨਰ ਵੱਲੋਂ ਜਾਰੀ ਕੀਤਾ ਸਰਟੀਫਿਕੇਟ ਜਾਂ ਅੰਡਰਟੇਕਿੰਗ ਜੁਡੀਸ਼ੀਅਲ ਪੇਪਰ ਤੇ ਤਿਆਰ ਕਰਕੇ ਕਾਨੂੰਨੀ ਤੋਰ ਤੇ ਸਮਰਥ ਅਧਿਕਾਰੀ ਤੋਂ ਤਸਦੀਕ ਕਰਵਾ ਕੇ ਦਿਤੀ ਜਾਵੇ।
9) ਇਸ ਤੋਂ ਇਲਾਵਾ ਕੇਸ ਭਾਰਤ ਸਰਕਾਰ ਦੀ ਵੈੱਬਸਾਈਟ forestclerance.nic.in ਤੇ ਆਨ-ਲਾਈਨ ਕਰਵਾਇਆ ਜਾਵੇ।

ਵਣ ਮੰਡਲ ਅਫਸਰ,
ਪਟਿਆਲਾ।
12/9/19

ਪਿੱਠ ਅੰਕਣ ਨੰਬਰ 5903 ਮਿਤੀ 16-9-19

ਕਾਪੀ ਵਣ ਰੇਂਜ ਅਫਸਰ, ਪਟਿਆਲਾ ਨੂੰ ਭੇਜਕੇ ਲਿਖਿਆ ਜਾਂਦਾ ਹੈ ਕਿ ਬਿਨਾ ਪ੍ਰਵਾਨਗੀ ਦੇ ਯੂਜ਼ਰ ਏਜੰਸੀ ਨੂੰ ਵਣ ਵਿਭਾਗ ਦੇ ਰਕਬੇ ਵਿੱਚ ਕੰਮ ਨਾ ਕਰਨ ਦਿੱਤਾ ਜਾਵੇ ਅਤੇ ਪ੍ਰਭਾਵਿਤ ਰਕਬੇ ਦੀਆਂ ਸਾਈਟਾਂ ਨਾਲ ਸਬੰਧਤ ਫੋਟੋਗਰਾਫਸ ਚਾਰ ਪੜ੍ਹਤਾਂ ਵਿੱਚ ਪ੍ਰਤੀਹਸਤਾਖਰ ਕਰਨ ਉਪਰੰਤ ਇਸ ਦਫਤਰ ਵਿੱਚ ਦਿੱਤੇ ਜਾਣ।

ਵਣ ਮੰਡਲ ਅਫਸਰ,
ਪਟਿਆਲਾ।
12/9/19